GOVT. OF PUNJAB

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

(ਸਥਾਨਕ ਸਰਕਾਰ-3 ਸ਼ਾਖਾ)

**ਨੋਟੀਫਿਕੇਸ਼ਨ**

ਨੰ:9/11/2019-3ਸਸ3/3185

ਮਿਤੀ; ਚੰਡੀਗੜ੍ਹ 31-12-2020

ਜਿਵੇਂ ਕਿ ਨਗਰ ਕੌਂਸਲ, ਤਰਨਤਾਰਨ ਦੀ ਹਦੂਦ ਵਿਚ ਪਿੰਡ ਕਾਜੀਕੋਟ, ਕੱਕਾ ਕੰਡਿਆਲਾ ਨਾਲਾਗੜ੍ਹ, ਮਲੀਆ ਖੁਰਦ, ਮੁਰਾਦਪੁਰਾ ਨੂੰ ਸ਼ਾਮਲ ਕਰਨ ਲਈ ਸਰਕਾਰ ਵਲੋਂ ਅਧਿਸੂਚਨਾ ਨੰ: 9/11/2019-3ਸਸ3/2432 ਮਿਤੀ 31.12.2019 ਜਾਰੀ ਕਰਦੇ ਹੋਏ ਆਮ ਜਨਤਾ ਪਾਸੋਂ ਇਤਰਾਜ਼/ਸੁਝਾਅ ਮੰਗੇ ਗਏ ਸਨ। ਇਸ ਸਬੰਧੀ ਪ੍ਰਾਪਤ ਹੋਏ ਇਤਰਾਜਾਂ ਨੂੰ ਮੂੰਹ ਬੋਲਦੇ ਹੁਕਮ ਨੰ: 9/11/2019-3ਸਸ3/3161 ਮਿਤੀ 29.12.2020 ਰਾਹੀਂ ਰੱਦ ਕਰ ਦਿੱਤਾ ਗਿਆ ਹੈ।

2. ਇਸ ਲਈ ਪੰਜਾਬ ਦੇ ਰਾਜਪਾਲ ਪ੍ਰਸਨਤਾਪੂਰਵਕ ਪੰਜਾਬ ਮਿਉਂਸਪਲ ਐਕਟ 1911 ਦੀ ਧਾਰਾ 4 ਅਤੇ 5 ਅਧੀਨ ਨਗਰ ਕੌਂਸਲ, ਤਰਨਤਾਰਨ ਦੀਆਂ ਨਵੀਆਂ ਹੱਦਾਂ ਹੇਠ ਦਰਸਾਏ ਅਨੁਸਾਰ ਪ੍ਰਕਾਸ਼ਿਤ ਕਰਦੇ ਹਨ।

## ਸ਼ਡਿਊਲ ਆਫ ਬਾਉਂਡਰੀ

ਉਤਰ: ਨਗਰ ਕੌਂਸਲ, ਤਰਨਤਾਰਨ ਦੀ ਮੌਜੂਦਾ ਹੱਦ ਝਬਾਲ ਬਾਈਪਾਸ ਤੋਂ ਮਹਿੰਦਰਾ ਇਨਕਲੇਵ ਕਲੋਨੀ ਦੇ ਸਾਹਮਣੇ ਪਿੰਡ ਕਾਜੀਕੋਟ ਦੇ ਮੋੜ ਤੋਂ ਖਸਰਾ ਨੰ: 13/9 (ਨਕਸ਼ੇ ਵਿਚ ਦਰਸਾਏ ਪੁਆਇੰਟ A ਤੋਂ ਸ਼ੁਰੂ ਕਰਦੇ ਹੋਏ) ਉਤਰ ਦਿਸ਼ਾ ਵੱਲ ਸੜਕ ਦੇ ਸੱਜੇ ਪਾਸੇ ਖਸਰਾ ਨੰ: 13/2/2, 8/22/2, 8/22/1, 8/19/11, 8/19/1, 8/12/1, 8/9/2, 8/2 ਤੋਂ ਉਤਰ ਦਿਸ਼ਾ ਵੱਲ ਅੱਗੇ ਵੱਧਦੇ ਹੋਏ ਖਸਰਾ ਨੰ: 5/22, 5/19/1, 5/19/2, 5/12, 5/9, 5/2/2 ਤੋਂ ਅੱਗੇ ਉਤਰ ਦਿਸ਼ਾ ਵੱਲ ਵੱਧਦੇ ਹੋਏ ਖਸਰਾ ਨੰ: 2/22, 2/19/2 ਤੱਕ ਜ਼ੋ ਕਿ ਨਕਸ਼ੇ ਵਿਚ ਦਰਸਾਏ ਗਏ ਪੁਆਇੰਟ B ਤੱਕ ਅਤੇ ਪੁਆਇੰਟ B ਤੋਂ ਪੂਰਬ ਦਿਸ਼ਾ ਵੱਲ ਮੁੜਦੇ ਹੋਏ ਏਸੇ ਸੜਕ ਦਾ ਸੱਜਾ ਪਾਸਾ ਲੈਂਦੇ ਹੋਏ ਜਿਸ ਦੇ ਖਸਰਾ ਨੰ: 2/19/2, 2/19/1, 2/18/2, 2/12/2, 2/13/2, 2/7/1, 2/6 ਤੋਂ ਪਿੰਡ ਕੱਕਾ ਕੰਡਿਅਲਾ ਦੇ ਖਸਰਾ ਨੰਬਰ 450 ਤੱਕ ਪੁਆਇੰਟ C ਤੱਕ ਜਿਥੇ ਕਾਜੀਕੋਟ ਪਿੰਡ ਦੀ ਹੱਦ ਖਤਮ ਹੁੰਦੀ ਹੈ ਇਸ ਪੁਆਇੰਟ ਤੋਂ ਪਿੰਡ ਕੱਕਾ ਕਡਿਆਲਾ ਦੇ ਖਸਰਾ ਨੰ: 450 ਤੋਂ ਸੜਕ ਦੇ ਸੱਜੇ ਪਾਸੇ ਦਾ ਹਿੱਸਾ ਲੈਂਦੇ ਹੋਏ ਪੱਛਮ ਦਿਸ਼ਾ ਵੱਲ ਮੁੜਦੇ ਹੋਏ ਖਸਰਾ ਨੰ: 450, 447, 446, 445 ਅਤੇ 444 ਜ਼ੋ ਕਿ ਨਕਸ਼ੇ ਵਿਚ ਪੁਆਇੰਟ D ਦੇ ਤੱਕ ਦਰਸਾਇਆ ਹੋਇਆ ਹੈ ਪੁਆਇੰਟ D ਤੋਂ ਉਤਰ ਦਿਸ਼ਾ ਵੱਲ ਚਲਦੇ ਹੋਏ ਸੜਕ ਦੇ ਸੱਜੇ ਹਿੱਸੇ ਦਾ ਰਕਬਾ ਲੈਂਦੇ ਹੋਏ ਜਿਸ ਦੇ ਖਸਰਾ ਨੰ: 444, 443, 436, 435, 431, 430, 427, 345, 344 ਅਤੇ 334 ਤੱਕ ਜ਼ੋ ਕਿ ਪੁਆਇੰਟ E ਦੇ ਤੌਰ ਤੇ ਨਕਸ਼ੇ ਵਿਚ ਦਰਸਾਇਆ ਹੋਇਆ ਹੈ। ਪੁਆਇੰਟ E ਖਸਰਾ ਨੰ: 334 ਤੋਂ ਪੂਰਬ ਦਿਸ਼ਾ ਵੱਲ ਮੁੜਦੇ ਹੋਏ ਸੜਕ (ਠਰੂ ਰੋਡ) ਦੇ ਸੱਜੇ ਪਾਸੇ ਦਾ ਰਕਬਾ ਲੈਂਦੇ ਹੋਏ ਜਿਨਾਂ ਦਾ ਖਸਰਾ ਨੰ: 334, 335, 336, 337, 338, 340, 352, 353 ਤੱਕ ਜ਼ੋ ਕਿ ਤਰਨ ਤਾਰਨ ਅੰਮ੍ਰਿਤਸਰ ਰੋਡ ਨੂੰ ਕੰਡਿਆਲੇ ਪਿੰਡ ਵੱਲ ਪਾਰ ਕਰਦੇ ਹੋਏ ਖਸਰਾ ਨੰ: 274, 273, 272, 271, 261, 260, 259 ਤੱਕ ਜ਼ੋ ਕਿ ਨਕਸ਼ੇ ਵਿਚ ਪੁਆਇੰਟ F ਦੇ ਤੌਰ ਤੇ ਦਰਸਾਇਆ ਹੋਇਆ ਹੈ। ਪੁਆਇੰਟ F ਤੋਂ ਪੱਛਮ ਦਿਸ਼ਾ ਵੱਲ ਮੁੜਦੇ ਹੋਏ ਸੜਕ ਦੇ ਸੱਜੇ ਹਿੱਸੇ ਦਾ ਰਕਬਾ ਲੈਂਦੇ ਹੋਏ ਖਸਰਾ ਨੰ: 267, 286, 287, 291, 456 ਤੱਕ ਨਕਸ਼ੇ ਮੁਤਾਬਿਕ ਪੁਆਇੰਟ G ਜ਼ੋ ਕਿ ਅੰਮ੍ਰਿਤਸਰ ਰੋਡ ਉਪਰ ਸਥਿਤ ਹੈ ਅਤੇ ਪੁਆਇੰਟ G ਤਰਨ ਤਾਰਨ ਅੰਮ੍ਰਿਤਸਰ ਰੋਡ ਉਪਰ ਮਾਲ ਮੰਡੀ ਰੋਡ ਤੋਂ ਦੱਖਣ ਦਿਸ਼ਾ ਵੱਲ ਸੜਕ ਦੇ ਸੱਜੇ ਪਾਸੇ ਨਾਲ ਚਲਦੇ ਹੋਏ ਖਸਰਾ ਨੰ: 457, 463, 464, 482, 486, 512, 514, 517, 518 ਤੱਕ ਜ਼ੋ ਕਿ ਨਕਸ਼ੇ ਮੁਤਾਬਿਕ ਪੁਆਇੰਟ H

(2)

Scanned by CamScanner

ਹੈ ਅਤੇ ਨਗਰ ਕੌਂਸਲ, ਤਰਨਤਾਰਨ ਦੀ ਮੌਜੂਦਾ ਹੱਦ ਜ਼ੋ ਕਿ ਝਬਾਲ ਬਾਈਪਾਸ ਚੌਂਕ ਤੇ ਪੁਰਾਣੀ ਹੱਦ ਨਾਲ ਜੁੜ ਜਾਂਦੀ ਹੈ।

ਪੂਰਬ: ਨਕਸ਼ੇ ਵਿਚ ਦਰਸਾਏ ਗਏ ਪੁਆਇੰਟ H ਤੋਂ ਨਗਰ ਕੌਂਸਲ, ਤਰਨਤਾਰਨ ਦੀ ਮੌਜੂਦਾ ਪੁਰਾਣੀ ਹੱਦ ਬੰਦੀ ਨਾਲ ਅੰਮ੍ਰਿਤਸਰ ਬਾਈਪਾਸ ਰੋਡ ਦੀ ਪੂਰਬ ਦਿਸ਼ਾ ਵੱਲ ਨਕਸ਼ੇ ਵਿਚ ਦਰਸਾਏ ਗਏ ਪੁਆਇੰਟ I ਤੱਕ ਜ਼ੋ ਕਿ ਜੰਡਿਆਲਾ ਚੌਂਕ ਬਾਈਪਾਸ ਦੇ ਨੇੜੇ ਹੈ ਅਤੇ ਪੁਆਇੰਟ I ਤੋਂ ਪੂਰਬ ਦਿਸ਼ਾ ਵੱਲ ਗਲੀ ਦੇ ਸੱਜੇ ਪਾਸੇ ਦਾ ਰਕਬਾ ਜ਼ੋ ਕਿ ਪਿੰਡ ਮਲੀਆ ਦਾ ਹੈ ਅਤੇ ਜਿਸ ਦਾ ਗਲੀ ਦਾ ਸੱਜਾ ਪਾਸਾ ਪੁਆਇੰਟ I ਤੋਂ ਖਸਰਾ ਨੰ: 678 ਤੋਂ ਸੁਰੂ ਕਰਦੇ ਹੋਏ ਖਸਰਾ ਨੰ: 679, 680, 682, 685/1/2, 686, 689, 690, 724, 723, 722, 942/1/2, 942/1/2, 963, 962/1, 962/2, 962/3, 975/1, 975/2, 975/3,999,1000 ਤੱਕ ਜੋ ਕਿ ਨਕਸ਼ੇ ਵਿਚ ਪੁਆਇੰਟ J ਮੁਤਾਬਿਕ ਦਰਸਾਇਆ ਹੋਇਆ ਹੈ।ਪੁਆਇੰਟ J ਤੋਂ ਪੱਛਮ ਦਿਸ਼ਾ ਵੱਲ ਮੁੜਦੇ ਹੋਏ ਪਿੰਡ ਮਲੀਆ ਦੇ ਰਕਬੇ ਨੂੰ ਨਾਲ ਲੈਂਦੇ ਹੋਏ ਗਲੀ ਦੇ ਸੱਜੇ ਪਾਸੇ ਤੋਂ ਦੱਖਣ ਦਿਸ਼ਾ ਵੱਲ ਖਸਰਾ ਨੰ:1000, 976, 954, 952, 951, 950 ਤੱਕ ਨਕਸ਼ੇ ਮੁਤਾਬਿਕ ਪੁਆਇੰਟ K ਤੱਕ ਅਤੇ ਪੁਆਇੰਟ K ਤੋਂ ਦੱਖਣ ਦਿਸ਼ਾ ਵੱਲ ਮੁੜਦੇ ਹੋਏ ਖਸਰਾ ਨੰ: 949, 705 ਪੁਆਇੰਟ L ਤੱਕ ਅਤੇ ਪੁਆਇੰਟ L ਤੋਂ ਦਿਸ਼ਾ ਵੱਲ ਚਲਦੇ ਹੋਏ ਖਸਰਾ ਨੰ: 704, 703 ਪੁਆਇੰਟ M ਤੱਕ, ਪੁਆਇੰਟ M ਦੀ ਦੱਖਣ ਦਿਸ਼ਾ ਵੱਲ ਚਲਦੇ ਹੋਏ ਖਸਰਾ ਨੰ. 699 ਪੁਆਇੰਟ M ਪੱਛਮ ਦਿਸ਼ਾ ਵੱਲ ਚਲਦੇ ਹੋਏ ਖਸਰਾ ਨੰ:697 ਪੁਆਇੰਟ N ਤੱਕ, ਪੁਆਇੰਟ N ਤੋਂ ਦੱਖਣ ਦਿਸ਼ਾ ਵੱਲ ਚਲਦੇ ਹੋਏ ਗਲੀ ਦੇ ਸੱਜੇ ਪਾਸੇ ਦੇ ਰਕਬੇ ਜਿਨ੍ਹਾਂ ਦੇ ਖਸਰਾ ਨੰ: 697 ਪੁਆਇੰਟ O ਤੱਕ, ਪੁਆਇੰਟ O ਤੋਂ ਦੱਖਣ ਦਿਸ਼ਾ ਵੱਲ ਚਲਦੇ ਹੋਏ ਖਸਰਾ ਨੰ: 696 ਦਾ ਰਕਬਾ ਪੁਆਇੰਟ P ਤੱਕ, ਸੱਜੇ ਪਾਸੇ ਲੈਂਦੇ ਹੋਏ ਪੱਛਮ ਦਿਸ਼ਾ ਵੱਲ ਮੁੜਦੇ ਹੋਏ ਖਸਰਾ ਨੰ: 696 ਦੇ ਰਕਬੇ ਦੇ ਨਾਲ ਪੁਆਇੰਟ Q ਜਿੱਥੇ ਮਲੀਆ ਪਿੰਡ ਦੀ ਹੱਦ ਖਤਮ ਹੁੰਦੀ ਹੈ ਅਤੇ ਪੁਆਇੰਟ Q ਤੋਂ ਪਿੰਡ ਮੁਰਾਦਪੁਰਾ ਦੀ ਹੱਦ ਤੋਂ ਉਤਰ ਦਿਸ਼ਾ ਵੱਲ ਮੁੜਦੇ ਹੋਏ ਰਕਬਾ ਨੰਬਰ ਖਸਰਾ 264, 265 ਪੁਆਇੰਟ R ਤੱਕ, ਪੁਆਇੰਟ R ਤੋਂ ਸੁਰੂ ਕਰਦੇ ਹੋਏ ਪੱਛਮ ਦਿਸ਼ਾ ਵੱਲ ਜਾਂਦੇ ਹੋਏ ਸੱਜੇ ਪਾਸੇ ਦਾ ਰਕਬਾ ਲੈਂਦੇ ਹੋਏ ਖਸਰਾ ਨੰ: 260, 259, 258, 257, 80, 89, 269 ਪੁਆਇੰਟ S ਤੱਕ ਅਤੇ ਪੁਆਇੰਟ S ਤੋਂ ਪੱਛਮ ਦਿਸ਼ਾ ਵੱਲ ਪੁਆਇੰਟ T ਤੱਕ ਜੋ ਕਿ ਨਗਰ ਕੌਂਸਲ ਤਰਨ ਤਾਰਨ ਦੀ ਪੁਰਾਣੀ ਦਾਣਾ ਮੰਡੀ ਦੀ ਹੱਦ ਦੇ ਨੇੜੇ ਖਸਰਾ ਨੰ: 269 ਨਾਲ ਜੁੜਦੀ ਹੈ।

3 .ਇਹ ਨੋਟੀਫਿਕੇਸ਼ਨ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਮਿਤੀ, ਚੰਡੀਗੜ੍ਹ
31-12-2020

ਅਜੋਏ ਕੁਮਾਰ ਸਿਨਹਾ, ਆਈ.ਏ.ਐਸ
ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ

ਪਿੱਠ ਅੰਕਣ ਨੰ:9/11/2019-3ਸਸ3/3186 ਮਿਤੀ,ਚੰਡੀਗੜ੍ਹ 31-12-2020

ਇਸ ਦਾ ਇੱਕ ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ,ਪੰਜਾਬ ਐਸ.ਏ.ਐਸ. ਨਗਰ (ਮੋਹਾਲੀ) ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਅਧਿਸੂਚਨਾ ਪੰਜਾਬ ਸਰਕਾਰ ਦੇ ਅਸਧਾਰਨ ਗਜਟ ਵਿੱਚ ਛਾਪਣ ਦੀ ਖੇਚਲ ਕੀਤੀ ਜਾਵੇ ਅਤੇ ਇਸ ਦੀਆਂ 30 ਕਾਪੀਆਂ ਸਰਕਾਰ ਨੂੰ ਰਿਕਾਰਡ ਹਿੱਤ ਭੇਜੀਆਂ ਜਾਣ।

ਅਧੀਨ ਸਕੱਤਰ, ਸਥਾਨਕ ਸਰਕਾਰ

ਪਿੱਠ ਅੰਕਣ ਨੰ:9/11/2019-3ਸਸ3/3187 ਮਿਤੀ,ਚੰਡੀਗੜ੍ਹ 31-12-2020

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

- ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,ਚੰਡੀਗੜ੍ਹ;
- ਡਾਇਰੈਕਟਰ ਪੇਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ,ਐਸ.ਏ.ਐਸ ਨਗਰ (ਮੋਹਾਲੀ);
- ਡਾਇਰੈਕਟਰ,ਸਥਾਨਕ ਸਰਕਾਰ ਵਿਭਾਗ, ਪੰਜਾਬ,ਚੰਡੀਗੜ੍ਹ;
- ਸਕੱਤਰ ਪੰਜਾਬ ਰਾਜ ਚੋਣ ਕਮਿਸ਼ਨਰ,ਚੰਡੀਗੜ੍ਹ;

Scanned by CamScanner

- ਡਿਪਟੀ ਕਮਿਸ਼ਨਰ ਤਰਨਤਾਰਨ ;
- ਉਪ ਮੰਡਲ ਮੈਜਿਸਟਰੇਟ, ਤਰਨਤਾਰਨ,
- ਤਹਿਸੀਲਦਾਰ, ਤਰਨਤਾਰਨ
- ਸੀਨੀਅਰ ਟਾਊਨ ਪਲੈਨਰ,ਸਥਾਨਕ ਸਰਕਾਰ ਵਿਭਾਗ ਪੰਜਾਬ,ਚੰਡੀਗੜ੍ਹ।
- ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ),ਸਥਾਨਕ ਸਰਕਾਰ ਪੰਜਾਬ,ਚੰਡੀਗੜ੍ਹ;
- ਸੁਪਰਡੰਟ,ਚੋਣਾਂ,ਸਥਾਨਕ ਸਰਕਾਰ ਵਿਭਾਗ ਪੰਜਾਬ,ਚੰਡੀਗੜ੍ਹ;
- ਰਿਜਨਲ ਡਿਪਟੀ ਡਾਇਰੈਕਟਰ,ਸਥਾਨਕ ਸਰਕਾਰ, ਅੰਮ੍ਰਿਤਸਰ;

ਕਾਰਜ ਸਾਧਕ ਅਫਸਰ, ਨਗਰ ਕੌਂਸਲ, ਤਰਨਤਾਰਨ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਬਣਦੀ ਅਗਲੇਰੀ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

ਸਹੀ/-

ਅਧੀਨ ਸਕੱਤਰ, ਸਥਾਨਕ ਸਰਕਾਰ

Scanned by CamScanner